# ਮੁਹਾਵਰੇ /ਅਖਾਣ

ਮੁਹਾਵਰੇ ਸ਼ਬਦਾਂ ਦੇ ਉਸ ਇਕੱਠ ਨੂੰ ਆਖਿਆ ਜਾਂਦਾ ਹੈ, ਜਿਨ੍ਹਾਂ ਦੇ ਸ਼ਬਦੀ ਅਰਥ ਹੋਰ ਹੋਣ ਤੇ ਭਾਵ ਅਰਥ ਹੋਰ । ਮੁਹਾਵਰੇ ਕਿਸੇ ਭਾਸ਼ਾ ਦੀ ਸੂਖਮਤਾ ਨੂੰ ਪ੍ਰਗਟ ਕਰਦੇ ਹਨ। ਮੁਹਾਵਰੇ ਕਿਸੇ ਬੋਲੀ ਦੀ ਸਮਰੱਥਾ ਹੁੰਦੇ ਹਨ। ਇਹਨਾਂ ਦਾ ਇੱਕ ਸਰੂਪ ਲੋਕ-ਅਖਾਣ ਜਾਂ ਕਹਾਵਤਾਂ ਹੈ। ਮੁਹਾਵਰੇ ਤੇ ਅਖਾਣ ਕਿਸੇ ਵੀ ਕੌਮ ਦੇ ਸੱਭਿਆਚਾਰਿਕ ਵਿਰਸੇ ਨੂੰ ਇਸ ਤਰ੍ਹਾਂ ਸੂਤਰਿਕ ਢੰਗ ਨਾਲ਼ ਸੰਭਾਲ਼ ਕੇ ਰੱਖਦੇ ਹਨ, ਜਿਵੇਂ ਕੁੱਜੇ ਵਿੱਚ ਸਮੁੰਦਰ ਬੰਦ ਕੀਤਾ ਗਿਆ ਹੋਵੇ। ਬੱਚਿਆਂ ਦੇ ਗਿਆਨ ਦੇ ਪੱਧਰ ਨੂੰ ਦੇਖਦੇ ਹੋਏ, ਹੇਠਾਂ ਕੁਝ ਚੋਣਵੇਂ ਮੁਹਾਵਰੇ ਅਤੇ ਅਖਾਣ ਅੰਕਿਤ ਕੀਤੇ ਗਏ ਹਨ। ਵਿਦਿਆਰਥੀ ਇਹਨਾਂ ਨੂੰ ਪੜ੍ਹਨ, ਸਮਝਣ ਅਤੇ ਇਹਨਾਂ ਦੀ ਯੋਗ ਵਰਤੋਂ ਕਰਨੀ ਸਿੱਖਣ।

## (ੳ)

1. **ਉਸਤਾਦੀ ਕਰਨੀ- (ਚਲਾਕੀ ਕਰਨੀ)** ਸਾਨੂੰ ਕਦੇ ਵੀ ਸਾਊ ਲੋਕਾਂ ਨਾਲ਼ ਉਸਤਾਦੀ ਨਹੀਂ ਕਰਨੀ ਚਾਹੀਦੀ।

   ਜਾਂ

   ਉਸਤਾਦੀ ਕਰਕੇ ਆਪਣੇ ਕੰਮ ਕਢਾਉਣੇ ਮਾੜੀ ਗੱਲ ਹੈ।

2. **ਉੱਲੂ ਬੋਲਣੇ - (ਸੁੰਨਸਾਨ ਹੋਣਾ ਜਾਂ ਉਜਾੜ ਹੋਣਾ)** ਵਿਦੇਸ਼ਾਂ ਵਿੱਚ ਗਏ ਲੋਕਾਂ ਦੇ ਘਰਾਂ ਵਿੱਚ ਉੱਲੂ ਬੋਲਦੇ ਹਨ।

3. **ਉਂਗਲ਼ਾਂ 'ਤੇ ਨਚਾਉਣਾ- (ਕਿਸੇ ਨੂੰ ਵੱਸ ਵਿੱਚ ਰੱਖਣਾ)** ਸੁਲਤਾਨਾ ਸਭ ਨੂੰ ਆਪਣੀਆਂ ਉਂਗਲ਼ਾਂ 'ਤੇ ਨਚਾਉਣਾ ਜਾਣਦੀ ਹੈ।

4. **ਉੱਚਾ-ਨੀਵਾਂ ਬੋਲਣਾ- (ਨਿਰਾਦਰ ਕਰਨਾ)** ਸਿਆਣੇ ਬੱਚੇ ਆਪਣੇ ਤੋਂ ਵੱਡਿਆਂ ਸਾਹਮਣੇ ਕਦੇ ਵੀ ਉੱਚਾ-ਨੀਵਾਂ ਨਹੀਂ ਬੋਲਦੇ।

5. **ਉੱਲੂ ਸਿੱਧਾ ਕਰਨਾ- (ਮਤਲਬ ਕੱਢਣਾ)** ਸੁਆਰਥੀ ਲੋਕ ਆਪਣਾ ਉੱਲੂ ਸਿੱਧਾ ਕਰਕੇ ਤੁਰਦੇ ਬਣਦੇ ਹਨ।

6. **ਉੱਘ-ਸੁੱਘ ਨਾ ਮਿਲ਼ਨਾ- (ਪਤਾ ਨਾ ਲੱਗਣਾ)** ਗਿਆਨ ਸਿੰਘ ਦੇ ਗੁਆਚੇ ਹੋਏ ਪੁੱਤਰ ਦੀ ਅਜੇ ਤੱਕ ਕੋਈ ਉੱਘ-ਸੁੱਘ ਨਹੀਂ ਮਿਲ਼ੀ।

7. **ਉੱਨੀ-ਇੱਕੀ ਦਾ ਫ਼ਰਕ ਹੋਣਾ- (ਬਹੁਤ ਥੋੜ੍ਹਾ ਫ਼ਰਕ)** ਅੰਬਰ ਤੇ ਮਨੀ ਬੇਸ਼ੱਕ ਜੌੜੀਆਂ ਭੈਣਾਂ ਹਨ ਪਰ ਸੁਭਾਅ 'ਚ ਉੱਨੀ-ਇੱਕੀ ਦਾ ਫ਼ਰਕ ਜ਼ਰੂਰ ਹੈ।

8. **ਉੱਸਲ਼ਵੱਟੇ ਭੰਨਣੇ- (ਸੁਸਤੀ ਵਿੱਚ ਪਾਸੇ ਮਾਰਨਾ)** ਰਾਜੂ ਐਵੇਂ ਉੱਸਲ਼ਵੱਟੇ ਨਾ ਭੰਨੀ ਜਾ, ਛੇਤੀ ਕੰਮ ਕਰ।

## (ਅ)

9. **ਅਸਮਾਨ ਸਿਰ 'ਤੇ ਚੁੱਕਣਾ- (ਬਹੁਤ ਰੌਲ਼ਾ ਪਾਉਣਾ)** ਅਧਿਆਪਕ ਦੇ ਬਾਹਰ ਜਾਂਦਿਆਂ ਹੀ ਵਿਦਿਆਰਥੀਆਂ ਨੇ ਅਸਮਾਨ ਸਿਰ 'ਤੇ ਚੁੱਕ ਲਿਆ।

10. **ਅੱਖਾਂ ਚੁਰਾਉਣਾ- (ਸ਼ਰਮ ਮਹਿਸੂਸ ਕਰਨੀ)** ਕੋਈ ਅਜਿਹਾ ਕੰਮ ਨਾ ਕਰੋ, ਜਿਸ ਕਰਕੇ ਆਪਣੇ ਆਪ ਤੋਂ ਹੀ ਅੱਖਾਂ ਚੁਰਾਉਣੀਆਂ ਪੈ ਜਾਣ।



Scanned with CamScanner